بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 23.08.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਅਗਸਤ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, (ਟਿਲਫ਼ੋਰਡ) ਬਰਤਾਨੀਆ ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬਦਰੀ ਸਹਾਬਾ ਦੇ ਜ਼ਿਕਰ ਵਿੱਚ ਅੱਜ ਮੈਂ ਜਿੰਨ੍ਹਾ ਸਹਾਬਾ ਦਾ ਜ਼ਿਕਰ ਕਰਾਂਗਾ ਉਹਨਾਂ ਦਾ ਨਾਂ ਹਜ਼ਰਤ ਆਸਿਮ ਬਿਨ ਅਦੀ ਰਜ਼ੀ ਅਲੱਹ ਅਨਹੁ ਹੈ । ਹਜ਼ਰਤ ਆਸਿਮ ਹਜ਼ਰਤ ਮਅਨ ਬਿਨ ਅਦੀ ਦੇ ਭਰਾ ਸਨ । ਦਰਮਿਆਨੇ ਕੱਦ ਦੇ ਸਨ ਅਤੇ ਵਾਲਾਂ ਵਿੱਚ ਮਹਿੰਦੀ ਲਾਇਆ ਕਰਦੇ ਨਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਜੱਦ ਬਦਰ ਵੱਲ ਰਵਾਨਾ ਹੋਣ ਲੱਗੇ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਆਸਿਮ ਬਿਨ ਅਦੀ ਨੂੰ ਕਬਾ ਅਤੇ ਮਦੀਨੇ ਤੇ ਉਪਰੀ ਭਾਗ ਆਲੀਆ'ਤੇ ਅਮੀਰ ਨਿਯੁਕਤ ਕੀਤਾ । ਇਕ ਰਿਵਾਇਤ ਵਿੱਚ ਇਹ ਵੀ ਆਉਂਦਾ ਹੈ ਕਿ ਰੌਹਾ ਸਥਾਨ ਤੋਂ ਰਸੂਲੁਲੱਾਹ ਸਲਲੱਹੁ ਅਲੈਹਿ ਵਸਲੱਮ ਨੇ ਹਜ਼ਰਤ ਆਸਿਮ ਨੂੰ ਮਦੀਨੇ ਦੇ ਉਪੱਰੀ ਭਾਗ ਲਈ ਅਮੀਰ ਨਿਯੁਕਤ ਕਰਦਿਆਂ ਵਾਪਸ ਭੇਜ ਦਿਤੱਾ, ਪਰ ਆਪ ਨੂੰ ਬਦਰ ਦੇ ਸਹਾਬਾ ਵਿੱਚ ਵਿੱਚ ਗਿਣਿਆ ਅਤੇ ਉਹਨਾ ਲਈ ਮਾਲੇ ਗ਼ਨੀਮਤ ਵਿੱਚ ਵੀ ਹਿਸੱਾ ਨਿਯੁਕਤ ਕੀਤਾ ।

ਹਜ਼ਰਤ ਆਸਿਮ ਉਹਦ ਦੀ ਜੰਗ ਤੇ ਖ਼ੰਦਕ ਦੀ ਜੰਗ ਸਣੇ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ । ਹਜ਼ਰਤ ਆਸਿਮ ਨੇ 45 ਹਿਜਰੀ ਵਿੱਚ ਹਜ਼ਰਤ ਮੁਆਵੀਆਹ ਦੇ ਰਾਜਕਾਲ ਵਿੱਚ ਮਦੀਨੇ ਵਿੱਚ ਵਫ਼ਾਤ ਪਾਈ । ਉਸ ਸਮੇਂ ਇਹਨਾ ਦੀ ਉਮਰ 115 ਸਾਲ ਸੀ, ਕਈਆਂ ਅਨੁਸਾਰ 120 ਸਾਲ ਦੀ ਉਮਰ ਵਿੱਚ ਫ਼ੌਤ ਹੋਏ ।

ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਜੱਦ ਸਹਾਬਾ ਕਰਾਮ ਨੂੰ ਤਬੂਕ ਦੀ ਜੰਗ ਦੀ ਤਿਆਰੀ ਲਈ ਆਦੇਸ਼ ਦਿਤੱਾ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਧੰਨਵਾਨਾ ਨੂੰ ਰੱਬ ਦੇ ਮਾਰਗ ਵਿੱਚ ਧੰਨ ਤੇ ਸਵਾਰੀ ਉਪਲਭਦ ਕਰਾਉਣ ਦੀ ਤਹਿਰੀਕ ਵੀ ਕੀਤੀ ਅਤੇ ਇਸ'ਤੇ ਵੱਖ ਵੱਖ ਲੋਕਾਂ ਨੇ ਆਪਣੀ ਆਪਣੀ ਸਮਰਥਾ ਅਨੁਸਾਰ ਕੁਰਬਾਨੀ ਪੇਸ਼ ਕੀਤੀ । ਇਸੇ ਮੌਕੇ'ਤੇ ਹਜ਼ਜਰਤ ਅਬੂਬਕਰ ਆਪਣੇ ਘਰ ਦਾ ਸਾਰਾ ਮਾਲ ਲੈ ਆਏ ਜੋ ਚਾਰ ਹਜ਼ਾਰ

ਦਿਰਹਮ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਬੂਬਕਰ ਨੂੰ ਪੁੱਛਿਆ ਕਿ ਆਪਣੇ ਘਰ ਵਾਲਿਆਂ ਲਈ ਵੀ ਕੁਝ ਛੱਡਿਆ ਹੈ ਕਿ ਨਹੀਂ ? ਤਾਂ ਉਹਨਾ ਨੇ ਅਰਜ਼ ਕੀਤੀ ਕਿ ਘਰ ਵਾਲਿਆਂ ਲਈ ਰੱਬ ਅਤੇ ਉਸ ਦਾ ਰਸੂਲ ਛੱਡ ਆਇਆ ਹਾਂ । ਹਜ਼ਰਤ ਉਮਰ ਆਪਣੇ ਘਰ ਦਾ ਅਧੱਾ ਮਾਲ ਲੈਕੇ ਆਏ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮਰ ਨੂੰ ਪੁੱਛਿਆ ਕਿ ਆਪਣੇ ਘਰ ਵਾਲਿਆਂ ਲਈ ਵੀ ਕੁਝ ਛੱਡ ਕੇ ਆਏ ਹੋ ? ਤਾਂ ਉਹਨਾ ਨੇ ਬਿਨਤੀ ਕੀਤੀ ਕਿ ਅਧੱਾ ਛੱਡ ਆਇਆ ਹਾਂ । ਇਸ ਮੌਕੇ'ਤੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ ਇਕ ਸੌ ਓਕੀਆ ਦਿੱਤੇ । ਇਕ ਓਕੀਆ 40 ਦਿਰਹਮ ਦਾ ਹੁੰਦਾ ਹੈ ਤਾਂ ਆਪ ਸਲਲੱਾਹੁ ਆਲੈਹਿ ਵਸਲੱਮ ਨੇ ਫ਼ਰਮਾਇਆ ਉਸਮਾਨ ਬਿਦ ਅਫ਼ਾਨ ਅਤੇ ਅਬਦੁਰ ਰਹਮਾਨ ਬਿਨ ਔਫ਼ ਧਰਤੀ'ਤੇ ਰੱਬ ਦੇ ਖ਼ਜ਼ਾਨਿਆਂ ਵਿੱਚੋਂ ਖ਼ਜ਼ਾਨੇ ਹਨ ਜੋ ਰੱਬ ਦੀ ਰਜ਼ਾ ਲਈ ਖ਼ਰਚ ਕਰਦੇ ਹਨ । ਇਸ ਮੌਕੇ ਇਸਤਰੀਆਂ ਨੇ ਵੀ ਆਪਣੇ ਗਹਿਣੇ ਪੇਸ਼ ਕੀਤੇ। ਇਸੇ ਮੌਕੇ'ਤੇ ਹਜ਼ਰਤ ਆਸਿਮ ਬਿਨ ਅਦੀ ਜਿੰਨ੍ਹਾ ਦਾ ਜ਼ਿਕਰ ਚਲ ਰਿਹਾ ਹੈ, ਉਹਨਾ ਨੇ ਸਤੱਰ ਵਸਕ ਖਜੂਰਾਂ ਪੇਸ਼ ਕੀਤੀਆਂ । ਇਕ ਵਸਕ ਵਿੱਚ ਸੱਠ ਸਾਅ ਹੁੰਦੇ ਹਨ ਅਤੇ ਇਕ ਸਾਅ ਲਗਭਗ ਢਾਈ ਸੇਰ ਦਾ ਹੁੰਦਾ ਹੈ । ਇਸ ਪ੍ਰਕਾਰ ਖਜੂਰਾਂ ਦਾ ਭਾਰ 262 ਮਣ ਬਣਦਾ ਹੈ । ਇਕ ਮਣ ਲਗਭਗ ਚਾਲੀ ਕਿਲੋ ਦਾ ਹੁੰਦਾ ਹੈ । ਬਹਿਰਹਾਲ ਹਜ਼ਰਤ ਆਸਿਮ ਬਿਨ ਅਦੀ ਨੇ ਵੀ ਇਸ ਮੌਕੇ'ਤੇ ਜੋ ਉਹਨਾ ਕੋਲ ਖਜੂਰਾਂ ਸਨ ਉਹ ਪੇਸ਼ ਕੀਤੀਆਂ ਅਤੇ ਚੰਗੀ ਮਿਕਦਾਰ ਵਿੱਚ ਪੇਸ਼ ਕੀਤੀਆਂ ।

ਹਜ਼ਰਤ ਆਸਿਮ ਬਿਨ ਅਦੀ ਉਹਨਾ ਸਹਾਬਾ ਵਿੱਚੋਂ ਸਨ ਜਿੰਨ੍ਹਾ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਮਸਜਿਦ ਜ਼ਰਾਰ ਢਾਹੁਣ ਦਾ ਹੁਕਮ ਦਿਤੱਾ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਸਹਾਬਾ ਨੂੰ ਮਸਜਿਦ ਜ਼ਰਾਰ ਵੱਲ ਜਾਣ ਦਾ ਆਦੇਸ਼ ਦਿਤੱਾ ਕਿ ਇਸ ਨੂੰ ਢਾਹ ਦੇਣ ਅਤੇ ਅੱਗ ਲਾ ਦੇਣ । ਜੱਦ ਮਸਜਿਦ ਢਾਈ ਗਈ ਅਤੇ ਅੱਗ ਲਾਈ ਗਈ, ਉਸ ਸਮੇਂ ਮਸਜਿਦ ਬਨਾਉਣ ਵਾਲੇ ਉੱਥੇ ਮੌਜੂਦ ਸਨ, ਪਰ ਅੱਗ ਲਗੱਣ ਦੇ ਬਾਦ ਉਹ ਏਧਰ ਓਧਰ ਖਿਸਕ ਗਏ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਮਸਜਿਦ ਵਾਲੀ ਥਾਂ ਆਸਿਮ ਬਿਨ ਅਦੀ ਨੂੰ ਦੇਣਾ ਚਾਹੀ ਕਿ ਉਹ ਇਸ ਥਾਂ ਨੂੰ ਆਪਣਾ ਘਰ ਬਣਾ ਲੈਂਣ, ਪਰ ਆਸਿਮ ਬਿਨ ਅਦੀ ਨੇ ਕਿਹਾ ਕਿ ਮੇਰੇ ਕੋਲ ਘਰ ਵੀ ਹੈ ਅਤੇ ਮੈਂਨੂੰ ਸੰਕੋਚ ਵੀ ਹੋ ਰਿਹਾ ਹੈ । ਚੰਗਾ ਹੈ ਕਿ ਇਸ ਨੂੰ ਸਾਬਤ ਬਿਨ ਅਕਰਮ ਨੂੰ ਦੇ ਦੇਣ ਕਿ ਉਹਨਾ ਕੋਲ ਘਰ ਨਹੀਂ ਹੈ, ਉਹ ਇੱਥੇ ਆਪਣਾ ਘਰ ਬਣਾ ਲੈਂਣ । ਸੋ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਹ ਥਾਂ ਸਾਬਤ ਬਿਨ ਅਕਰਮ ਨੂੰ ਦੇ ਦਿੱਤੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਵਾਰ ਜੱਦ ਦਿੱਲੀ ਗਏ ਤਾਂ ਦਿੱਲੀ ਦੀ ਜਾਮਾ ਮਸਜਿਦ ਨੂੰ ਦੇਖਕੇ ਫ਼ਰਮਾਇਆ, ਬਹੁਤ ਸੁੰਦਰ ਮਸਜਿਦ ਹੈ, ਪਰ ਫ਼ਰਮਾਇਆ ਕਿ ਮਸਜਿਦਾਂ ਦੀ ਅਸਲ ਸੁੰਦਰਤਾ ਇਮਾਰਤ ਦੀ ਬਣਤਰ ਨਾਲ ਨਹੀਂ ਸਗੋਂ ਨਮਾਜ਼ੀਆ ਨਾਲ ਹੈ ਜੋ ਨੇਕਨੀਤੀ ਨਾਲ ਨਮਾਜ਼ ਪੜ੍ਹਦੇ ਹਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਸਮੇਂ ਵੀ ਦੁਨੀਆਦਾਰਾਂ ਨੇ ਵੀ ਇਕ ਮਸਜਿਦ ਬਣਾਈ ਸੀ ਉਹ ਰੱਬ ਦੇ ਹੁਕਮ ਨਾਲ ਢਾਹ ਦਿੱਤੀ ਗਈ । ਮਸਜਿਦਾਂ ਲਈ ਇਹ ਹੁਕਮ ਹੈ ਕਿ ਤਕਵਾ (ਸੰਜਮਤਾ) ਲਈ ਬਣਾਈ ਜਾਏ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ 'ਲਿਮਨ ਹਾਰਿਬਲੱਾਹ' ਦੀ ਵਿਆਖਿਆ ਵਿੱਚ ਫ਼ਰਮਾਉਂਦੇ ਹਨ ਕਿ ਇਹ ਅਬੂ ਆਮਿਰ ਵੱਲ ਸੰਕੇਤ ਹੈ ਜੋ ਇਸਾਈ ਸੀ ਉਸ ਦੇ ਮਕਰਾਂ ਵਿੱਚ ਇਕ ਮਕਰ (ਫ਼ਰੇਬ) ਇਹ ਵੀ ਸੀ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਇਸ ਮਸਜਿਦ ਵਿੱਚ ਨਮਾਜ਼ ਪੜ੍ਹ ਲੈਂਣ ਫਿਰ ਕੁਝ ਮੁਸਲਮਾਨ ਇਧੱਰ ਵੀ ਆ ਜਾਇਆ ਕਰਨਗੇ ਅਤੇ ਇਸ ਪ੍ਰਕਾਰ ਮੈਂ ਮੁਸਲਮਾਨਾ ਦੀ ਜਮਾਤ ਨੂੰ ਤੋੜ ਲਵਾਂਗਾ ।

ਦੂਜੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੈ ਉਹਨਾ ਦਾ ਨਾਂ ਹਜ਼ਰਤ ਉਮੱਰੋ ਬਿਨ ਔਫ਼ ਹੈ । ਇਹਨਾ ਦਾ ਜਨਮ ਮੱਕੇ ਵਿੱਚ ਹੋਇਆ ਅਤੇ ਇਬਨੇ ਸਾਅਦ ਅਨੁਸਾਰ ਇਹ ਯਮਨ ਦੇ ਰਹਿਣ ਵਾਲੇ ਸਨ । ਹਜ਼ਰਤ ਉਮੱਰੋ ਬਿਨ ਔਫ਼ ਕਦੀਮੀ ਇਸਲਾਮ ਕੁਬੂਲ ਕਰਨ ਵਾਲਿਆਂ ਵਿੱਚੋਂ ਸਨ । ਹਜ਼ਰਤ ਉਮੱਰੋ ਬਿਨ ਔਫ਼ ਨੇ ਮੱਕੇ ਤੋਂ ਮਦੀਨੇ ਵੱਲ ਹਿਜਰਤ ਸਮੇਂ ਕਬਾ ਵਿੱਚ ਹਜ਼ਰਤ ਕੁਲਸੂਮ ਬਿਨ ਅਲਹਦਮ ਕੋਲ ਪੜਾਅ ਕੀਤਾ । ਹਜ਼ਰਤ ਉਮੱਰੋ ਬਿਨ ਔਫ਼ ਬਦਰ, ਉਹਦ, ਖੰਦਕ ਦੀ ਜੰਗ ਸਣੇ ਸਾਰੀਆਂ ਜੰਗਾ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ । ਹਜ਼ਰਤ ਉਮੱਰੋ ਬਿਨ ਔਫ਼ ਦੀ ਵਫ਼ਾਤ ਹਜ਼ਰਤ ਉਮਰ ਦੇ ਖ਼ਿਲਾਫ਼ਤ ਕਾਲ ਵਿੱਚ ਵਿੱਚ ਹੋਈ ਅਤੇ ਇਹਨਾ ਦੀ ਨਮਾਜ਼ ਜਨਾਜ਼ਾਹ ਹਜ਼ਰਤ ਉਮਰ ਨੇ ਪੜ੍ਹਾਈ ।

ਅਗਲੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੈ ਉਹਨਾ ਦਾ ਨਾਂ ਹਜ਼ਰਤ ਮਅਨ ਬਿਨ ਅਦੀ ਹੈ । ਆਪ ਅੰਸਾਰ ਦੇ ਕਬੀਲੇ ਬਨੂ ਉਮੱਰੋ ਬਿਨ ਔਫ਼ ਤੇ ਮਿਤੱਰ ਸਨ । ਹਜ਼ਰਤ ਮਅਨ ਸਤੱਰ ਅੰਸਾਰਾਂ ਨਾਲ ਬੈਅਤੇ ਉਕਬਾ ਵਿੱਚ ਵਿੱਚ ਸ਼ਾਮਲ ਹੋਏ । ਆਪ ਇਸਲਾਮ ਕੁਬੂਲ ਕਰਨ ਤੋਂ ਪਹਿਲਾਂ ਤੋਂ ਹੀ ਅਰਬੀ ਦੀ ਕਿਤਾਬਤ ਜਾਣਦੇ ਸਨ । ਹਜ਼ਰਤ ਮਅਨ ਬਦਰ, ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ ।

ਹਜ਼ਰਤ ਉਮਰ ਬਿਆਨ ਕਰਦੇ ਹਨ ਕਿ ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਫ਼ੌਤ ਹੋਏ ਤਾਂ ਮੈਂ ਹਜ਼ਰਤ ਅਬੂਬਕਰ ਨੂੰ ਕਿਹਾ ਕਿ ਆਪ ਸਾਡੇ ਅੰਸਾਰ ਭਰਾਵਾਂ ਕੋਲ ਸਾਡੇ ਨਾਲ ਚਲੱਣ, ਸੋ, ਅਸੀਂ ਗਏ ਅਤੇ ਉਹਨਾਂ ਵਿੱਚ ਦੋ ਨੇਕ ਵਿਅਕਤੀ ਸਾਨੂੰ ਮਿਲੇ, ਜੋ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਮੈਂ ਉਰਵਾ ਬਿਨ ਜ਼ੁਬੈਰ ਨਾਲ ਗੱਲ ਕੀਤੀ ਤਾਂ ਉਹਨਾ ਨੇ ਕਿਹਾ ਕਿ ਉਹ ਹਜ਼ਰਤ ਅਵੀਮ ਬਿਨ ਸਾਅਦਾ ਅਤੇ ਹਜ਼ਰਤ ਮਅਨ ਬਿਦ ਅਦੀ ਹੀ ਸਨ। ਇਸ ਘਟਨਾ ਦਾ ਵਿਸਥਾਰ ਵਰਨਣ ਕਰਦਿਆਂ ਹੋਇਆ ਹਜ਼ੂਰ ਅਨਵਰ ਨੇ ਫ਼ਰਮਾਇਆ :

ਹਜ਼ਰਤ ਇਬਨੇ ਅਬੱਾਸ ਵਰਨਣ ਕਰਦੇ ਹਨ ਕਿ ਇਕ ਵਾਰ ਮੈਂ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦੇ ਉਸ ਘਰ ਵਿੱਚ ਜੋ ਮਨਾ ਵਿੱਚ ਹੈ ਅਤੇ ਉਹ ਉਮਰ ਬਿਨ ਖ਼ਤਾਬ ਦੇ ਕੋਲ ਗਏ ਹੋਏ ਸਨ । ਜੱਦ ਅਬਦੁਰ ਰਹਮਾਨ ਮੇਰੇ ਕੋਲ ਵਾਪਸ ਪਰਤੇ ਤਾਂ ਉਹਨਾ ਨੇ ਕਿਹਾ ਕਿ ਕਾਸ਼ ਤੁਸੀਂ ਵੀ ਉਸ ਵਿਅਕਤੀ ਨੂੰ ਦੇਖਦੇ ਜੋ ਅੱਜ ਅਮੀਰੁਲ ਮੋਮਿਨੀਨ ਦੇ ਕੋਲ ਆਇਆ ਅਤੇ ਕਹਿਣ ਲਗੱਾ ਕਿ ਅਮੀਰੁਲ ਮੋਮਿਨੀਨ ! ਕੀ ਆਪ ਨੂੰ ਫ਼ਲਾਣੇ ਵਿਅਕਤੀ ਬਾਰੇ ਪਤਾ ਲੱਗਿਆ ਹੈ, ਜੋ ਇਹ ਕਹਿੰਦਾ ਹੈ ਕਿ ਜੇਕਰ ਉਮਰ ਮਰ ਗਏ ਤਾਂ ਮੈਂ ਫ਼ਲਾਣੇ ਦੀ ਬੈਅਤ ਕਰ ਲਵਾਂਗਾ ਅਤੇ ਫਿਰ ਉਸਨੇ ਕਿਹਾ ਕਿ ਰੱਬ ਦੀ ਸਹੁੰ ਅਬੂਬਕਰ ਦੀ ਬੈਅਤ ਤਾਂ ਐਂਵੇ ਹੀ ਰੌਲ੍ਹੇ ਰੱਪੇ ਵਿੱਚ ਹੋ ਗਈ ਸੀ । ਇਹ ਸੁਣਕੇ ਹਜ਼ਰਤ ਉਮਰ ਦੁਖੀ ਹੋਏ ਫਿਰ ਉਹਨਾ ਨੇ ਕਿਹਾ, ਜੇਕਰ ਰੱਬ ਨੇ ਚਾਹਿਆ ਤਾਂ ਮੈਂ ... ਲੋਕਾਂ ਵਿੱਚ ਖੜਾ ਹੋਵਾਂਗਾ ਅਤੇ ਉਹਨਾ ਨੂੰ ਇਹਨਾ ਲੋਕਾਂ ਤੋਂ ਚੁਕੰਨਿਆਂ ਕਰਾਵਾਂਗਾ ਜੋ ਇਹਨਾ ਮਾਮਾਲਿਆਂ ਨੂੰ ਜ਼ਬਰਦਸਤੀ ਆਪਣੇ ਹਥੱਾਂ ਵਿੱਚ ਲੈਂਣਾ ਚਾਹੁੰਦੇ ਹਨ । ਫਿਰ ਇਕ ਦਿਨ ਹਜ਼ਰਤ ਉਮਰ ਮੰਬਰ ਉਪੱਰ ਬਹਿ ਗਏ ਅਤੇ ਅਜ਼ਾਨ ਦੇ ਬਾਦ ਆਪ ਖੜੇ ਹੋਏ ਅਤੇ ਰੱਬ ਦੀ ਪ੍ਰਸ਼ੰਸਾ ਕੀਤੀ ਜਿਸਦੇ ਉਹ ਯੋਗ ਹੈ, ਫਿਰ ਕਿਹਾ ਕਿ ਰੱਬ ਦੀ ਪ੍ਰਸ਼ੰਸਾ ਦੇ ਬਾਦ ਮੈਂ ਤੁਹਾਨੂੰ ਇਕ ਅਜਿਹੀ ਗੱਲ ਕਹਿਣ ਲਗੱਾ ਹਾਂ ਕਿ ਮੇਰੇ ਲਈ ਜ਼ਰੂਰੀ ਸੀ ਕਿ ਮੈਂ ਆਖਾਂ । ਫਿਰ ਹਜ਼ਰਤ ਉਮਰ ਨੇ ਕਿਹਾ ਕਿ ਮੈਨੂੰ ਇਹ ਖ਼ਬਰ ਪਹੁੰਚੀ ਹੈ ਕਿ ਤੁਹਾਡੇ ਵਿੱਚ ਕੋਈ ਆਖਣ ਵਾਲਾ ਇਹ ਕਹਿੰਦਾ ਹੈ ਕਿ ਹਜ਼ਰਤ ਅਬੂਬਕਰ ਨੂੰ ਖ਼ਿਲਾਫ਼ਤ ਐਂਵੇ ਹੀ ਮਿਲ ਗਈ । ਫਿਰ ਮੇਰੇ ਬਾਰੇ ਵੀ ਕਿਹਾ ਹੈ ਕਿ ਰੱਬ ਦੀ ਸਹੁੰ ਜੇਕਰ ਉਮਰ ਮਰ ਗਏ ਤਾਂ ਮੈਂ ਫ਼ਲਾਣੇ ਦੀ ਬੈਅਤ ਕਰਾਂਗਾ । ਆਪ ਨੇ ਫ਼ਰਮਾਇਆ ਇਸ ਲਈ ਕੋਈ ਵਿਅਕਤੀ ਧੋਖੇ ਵਿੱਚ ਰਹਿ ਕੇ ਇਹ ਨ ਕਹੇ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਬਾਰੇ ਮੈਂ ਸਪਸ਼ਟ ਕਰ ਦਿਆਂ, ਆਪ ਨੇ ਫ਼ਰਮਾਇਆ ਕਿ ਕੋਈ ਵਿਅਕਤੀ ਧੋਖੇ ਵਿੱਚ ਰਹਿਕੇ ਇਹ ਨ ਕਹੇ ਕਿ ਅਬੂਬਕਰ ਦੀ ਬੈਅਤ ਐਂਵੇ ਹੀ ਅਫ਼ਰਾਤਫ਼ਰੀ ਵਿੱਚ ਗ਼ਲਤੀ ਨਾਲ ਹੋ ਗਈ ਸੀ । ਸੁਣੋ ਇਹ ਠੀਕ ਹੈ ਕਿ ਉਹ ਬੈਅਤ ਇਸੇ ਪ੍ਰਕਾਰ ਹੋਈ ਸੀ, ਪਰ ਰੱਬ ਨੇ ਉਸ ਅਫ਼ਰਾਤਫ਼ਰੀ ਦੀ ਬੈਅਤ ਦੀ ਬੁਰਾਈ ਤੋਂ ਬਚਾ ਲਿਆ ਅਤੇ ਤੁਹਾਡੇ ਵਿੱਚੋਂ ਅਬੂਬਕਰ ਜਿਹਾ ਕੋਈ ਨਹੀਂ । ਫਿਰ ਆਪਨੇ ਫ਼ਰਮਾਇਆ ਕਿ ਜਿਸ ਨੇ ਮੁਸਲਮਾਨਾ ਦੇ ਮਸ਼ਵਰੇ ਤੋਂ ਬਿਨਾਂ ਕਿਸੇ ਵਿਅਕਤੀ ਦੀ ਬੈਅਤ ਕੀਤੀ ਤਾਂ ਉਸ ਦੀ ਬੈਅਤ ਨ ਕੀਤੀ ਜਾਏ ਅਤੇ ਨ ਉਸ ਵਿਅਕਤੀ ਦੀ ਜਿਸ ਨੇ ਉਸ ਦੀ ਬੈਅਤ ਕੀਤੀ । ਹਜ਼ਰਤ ਉਮਰ ਨੇ ਬਿਆਨ ਕੀਤਾ ਕਿ ਜੱਦ ਰੱਬ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਨੂੰ ਵਫ਼ਾਤ ਦਿੱਤੀ ਤਾਂ ਅੰਸਾਰ ਵਿਰੋਧੀ ਹੋ ਗਏ ਅਤੇ ਅਸੀਂ ਸਾਰੇ ਸਕੀਫ਼ਾ ਬਨੂ ਸਾਅਦਾ ਵਿੱਚ ਇਕੱਠੇ ਹੋਕੇ ਅਬੂਬਕਰ ਦੇ ਕੋਲ ਆਏ । ਮੈਂ ਅਬੂਬਕਰ ਨੂੰ ਕਿਹਾ ਕਿ ਅਬੂਬਕਰ ਆਓ ਅਸੀਂ ਆਪਣੇ ਅੰਸਾਰ ਭਰਾਵਾਂ ਕੋਲ ਚਲੀਏ । ਜੱਦ ਅਸੀਂ ਉਹਨਾਂ ਕੋਲ ਪਹੁੰਚੇ ਤਾਂ ਉਹਨਾ ਵਿੱਚ ਦੋ ਨੇਕ ਵਿਅਕਤੀ ਸਾਨੂੰ ਮਿਲੇ, ਉਹਨਾ ਵਿੱਚ ਇਕ ਮਅਨ ਬਿਨ ਅਦੀ ਸਨ । ਉਹਨਾ ਦੇ ਕਿਹਾ ਕਿ ਹੈ ਮੁਹਾਜਰੀਨ ਦੀ ਜਮਾਤ ਤੁਸੀਂ ਕਿੱਥੇ ਜਾਣਾ ਚਾਹੁੰਦੇ ਹੋ? ਅਸੀਂ ਕਿਹਾ ਕਿ ਅਸੀਂ ਅੰਸਾਰੀ ਭਰਾਵਾਂ ਨੂੰ ਮਿਲਣਾ ਚਾਹੁੰਦੇ ਹਾਂ, ਤਾਂ ਉਹਨਾ ਦੋਹਾਂ ਨੇ ਕਿਹਾ ਕਿ ਉਕੱਾ ਹੀ ਉੱਥੇ ਨ ਜਾਣਾ । ਜੋ ਤੁਸੀਂ ਮਸ਼ਵਰਾ ਕਰਨਾ ਹੈ ਤੁਸੀਂ ਆਪ ਹੀ ਕਰ ਲਓ । ਹਜ਼ਰਤ ਉਮਰ ਕਹਿੰਦੇ ਹਨ ਮੈਂ ਕਿਹਾ ਕਿ ਰੱਬ ਦੀ ਸਹੁੰ ਅਸੀਂ ਜ਼ਰੂਰ ਉਹਨਾ ਕੋਲ ਜਾਵਾਂਗੇ ਅਤੇ ਅਸੀਂ ਇਹ ਕਹਿਕੇ ਚਲ ਪਏ ਅਤੇ ਬਨੂ ਸਾਅਦਾ ਦੇ ਤੰਬੂ ਵਿੱਚ ਉਹਨਾ ਕੋਲ ਪਹੁੰਚੇ । ਉੱਥੇ ਅੰਸਾਰ ਦੀ ਹਜ਼ਰਤ ਅਬੂਬਕਰ ਅਤੇ ਹਜ਼ਰਤ ਉਮਰ ਨਾਲ ਖ਼ਿਲਾਫ਼ਤ ਦੀ ਚੋਣ ਬਾਰੇ ਲੰਮੀ ਗੱਲਬਾਤ ਹੋਈ । ਇਸ ਦਾ ਕੁਝ ਵਿਸਥਾਰ ਜੋ ਹਜ਼ਰਤ ਮੁਸਲਿਹ ਮੌਊਦ ਨੇ ਬਿਆਨ ਕੀਤਾ ਹੈ ਉਹ ਮੈਂ ਵਰਨਣ ਕਰ ਦਿੰਦਾ ਹਾਂ । ਆਪ ਫ਼ਰਮਾਉਂਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਵਫ਼ਾਤ'ਤੇ ਸਹਾਬਾ ਦੇ ਤਿੰਨ ਧੜੇ ਬਣ ਗਏ ਸਨ । ਇਕ ਧੜੇ ਨੇ ਇਹ ਵਿਚਾਰ ਕੀਤਾ ਕਿ ਕਿਉਂਕਿ ਨਬੀ ਦੇ ਨਿਸ਼ਚਿਆਂ ਨੂੰ ਉਸ ਦੇ ਪਰਿਵਾਰ ਵਾਲੇ ਹੀ ਚੰਗੀ ਤਰ੍ਹਾਂ ਸਮਝ ਸਕਦੇ ਹਨ ਇਸ ਲਈ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪਰਿਵਾਰ ਵਿੱਚੋਂ ਹੀ ਕੋਈ ਵਿਅਕਤੀ ਨਿਯੁਕਤ ਹੋਣਾ ਚਾਹੀਦਾ ਹੈ ।

ਪਰ ਦੂਜਾ ਧੜਾ ਜੋ ਸੀ ਉਸ ਦੇ ਸੋਚਿਆ ਕਿ ਇਸ ਬਾਰੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪਰਿਵਾਰ ਵਿੱਚੋਂ ਹੋਣ ਦੀ ਸ਼ਰਤ ਜ਼ਰੂਰੀ ਨਹੀਂ ਹੈ । ਉਦੇਸ਼ ਇਹ ਹੈ ਕਿ ਰਸੂਲੇ ਕਰੀਮ ਦਾ ਉੱਤਰਾਧਿਕਾਰੀ ਹੋਵੇ । ਇਸ ਦੂਜੇ ਧੜੇ ਦੇ ਅੱਗੇ ਫਿਰ ਦੋ ਧੜੇ ਹੋ ਗਏ ਸਨ । ਇਕ ਦਾ ਵਿਚਾਰ ਸੀ ਕਿ ਜੋ ਲੋਕ ਸਭ ਤੋਂ ਵੱਧ ਲੰਮੇ ਸਮੇਂ ਤੱਕ ਆਪ ਦੀ ਸੀਖ ਸਿੱਖਿਆ ਹੇਠ ਰਹੇ ਹਨ ਉਹ ਇਸ ਦੇ ਬਹੁਤੇ ਅਧਿਕਾਰੀ ਹਨ ਅਰਥਾਤ ਮੁਹਾਜਰ ਅਤੇ ਉਹਨਾ ਵਿੱਚੋਂ ਵੀ ਕੁਰੈਸ਼ ਜਿੰਨ੍ਹਾ ਦੀ ਗੱਲ ਮੰਨ੍ਹਣ ਲਈ ਅਰਬ ਤਿਆਰ ਹੋ ਸਕਦੇ ਹਨ ਅਤੇ ਕਈਆਂ ਨੇ ਇਹ ਵਿਚਾਰ ਕੀਤਾ ਕਿ ਕਿਉਂਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਮਦੀਨੇ ਵਿੱਚ ਹੋਈ ਹੈ ਅਤੇ ਮਦੀਨੇ ਵਿੱਚ ਅੰਸਾਰ ਦਾ ਜੋਰ ਹੈ ਇਸ ਲਈ ਉਹੋ ਹੀ ਇਸ ਕੰਮ ਨੂੰ ਚੰਗੀ ਤਰ੍ਹਾਂ ਚਲਾ ਸਕਦੇ ਹਨ । ਆਪ ਲਿਖੱਦੇ ਹਨ ਕਿ ਇਸ ਮਤਿਭੇਦ ਉਪੱਰ ਅਜੇ ਦੂਜੇ ਲੋਕ ਵਿਚਾਰ ਕਰ ਹੀ ਰਹੇ ਸਨ ਅਤੇ ਉਹ ਕਿਸੇ ਸਿੱਟੇ ਉਪੱਰ ਨਹੀਂ ਪਹੁੰਚੇ ਸਨ ਕਿ ਇਸ ਅਖੀਰੀ ਧੜੇ ਨੇ ਜੋ ਅੰਸਾਰ ਦੇ ਹੱਕ ਵਿੱਚ ਸੀ ਬਨੀ ਸਾਅਦਾ ਦੇ ਇਕ ਵਰਾਂਡੇ ਵਿੱਚ ਇਕਤੱਰ ਹੋਕੇ ਇਸ ਬਾਰੇ ਸਲਾਹ ਮਸ਼ਵਰਾ ਸ਼ੁਰੂ ਕਰ ਦਿਤੱਾ ਅਤੇ ਸਅਦ ਬਿਨ ਅਬਾਦਹ ਜੋ ਖ਼ਜ਼ਰਜ ਦੇ ਸਰਦਾਰ ਸਨ ਅਤੇ ਨਕਬਾਅ ਵਿੱਚ ਸਨ ਉਹਨਾ ਬਾਰੇ ਸੁਭਾਵਕ ਉਹਨਾ ਦਾ ਧਿਆਨ ਹੋ ਗਿਆ ਕਿ ਉਹਨਾ ਨੂੰ ਖ਼ਲੀਫ਼ਾ ਨਿਯੁਕਤ ਕੀਤਾ ਜਾਏ । ਇਸ ਮਸ਼ਵਰੇ ਦੇ ਬਾਦ ਜੱਦ ਮੁਹਾਜਰਾਂ ਨੂੰ ਸੂਚਨਾ ਮਿਲੀ ਤਾਂ ਉਹ ਛੇਤੀ ਨਾਲ ਉੱਥੇ ਹੀ ਆ ਗਏ ਕਿਉਂਕਿ ਉਹ ਸਮਝਦੇ ਸਨ ਕਿ ਜੇਕਰ ਮੁਹਾਜਰਾਂ ਵਿੱਚ ਕੋਈ ਖ਼ਲੀਫ਼ਾ ਨ ਬਣਿਆ ਤਾਂ ਅਰਬ ਉਸ ਦੀ ਆਗਿਆਕਾਰੀ ਨਹੀਂ ਕਰਨਗੇ,

ਕੇਵਲ ਮਦੀਨੇ ਦੀ ਗੱਲ ਨਹੀਂ ਸਗੋਂ ਪੂਰੇ ਅਰਬ ਦੀ ਗੱਲ ਹੈ । ਹਜ਼ਰਤ ਉਮਰ ਕਹਿੰਦੇ ਹਨ ਕਿ ਮੈਂ ਇਸ ਮੌਕੇ ਬਿਆਨ ਕਰਨ ਲਈ ਇਕ ਵਡਾ ਲੇਖ ਸੋਚਿਆ ਹੋਇਆ ਸੀ ਅਤੇ ਮੇਰਾ ਇਰਾਦਾ ਸੀ ਕਿ ਮੈਂ ਜਾਂਦਿਆਂ ਹੀ ਇਕ ਅਜਿਹਾ ਭਾਸ਼ਣ ਦਿਆਂਗਾ ਜਿਸ ਨਾਲ ਸਾਰੇ ਅੰਸਾਰ ਮੇਰੀਆਂ ਦਲੀਲਾਂ ਦੇ ਕਾਇਲ ਹੋ ਜਾਣਗੇ, ਪਰ ਜੱਦ ਅਸੀਂ ਉੱਥੇ ਪਹੁੰਚੇ ਤਾਂ ਹਜ਼ਰਤ ਅਬੂਬਕਰ ਭਾਸ਼ਣ ਦੇਣ ਲਈ ਖੜੇ ਹੋ ਗਏ । ਪਰ ਰੱਬ ਦੀ ਸਹੁੰ ਜਿੰਨ੍ਹੀਆਂ ਗੱਲਾਂ ਮੈਂ ਸੋਚੀਆਂ ਹੋਈਆਂ ਸਨ ਉਹ ਸਾਰੀਆਂ ਉਹਨਾ ਨੇ ਵਰਨਣ ਕਰ ਦਿੱਤੀਆਂ ਸਗੋਂ ਉਸ ਤੋਂ ਬਿਨਾ ਵੀ ਉਹਨਾ ਨੇ ਆਪਣੇ ਕੋਲੋਂ ਹੋਰ ਵੀ ਅਨੇਕਾਂ ਹੀ ਦਲੀਲਾਂ ਦਿੱਤੀਆਂ, ਤੱਦ ਮੈਂ ਸਮਝਿਆ ਕਿ ਮੈਂ ਅਬੂਬਕਰ ਦਾ ਮੁਕਾਬਲਾ ਨਹੀਂ ਕਰ ਸਕਦਾ। ਹਜ਼ਰਤ ਅਬੂਬਕਰ ਨੇ ਇਹ ਹਦੀਸ ਵੀ ਪੇਸ਼ ਕੀਤੀ ਕਿ 'ਅਲ ਆਇਮਾ ਮਿਨ ਕੁਰੈਸ਼' ਇਸ'ਤੇ ਹਬਾਬ ਬਿਨ ਮੁੰਜ਼ਰ ਖ਼ਜ਼ਰਜੀ ਨੇ ਵਿਰੋਧਤਾ ਕੀਤੀ ਅਤੇ ਕਿਹਾ ਕਿ ਅਸੀਂ ਇਸ ਗੱਲ ਨੂੰ ਨਹੀਂ ਮਨ ਸਕਦੇ ਕਿ ਮੁਹਾਜਰਾਂ ਵਿੱਚੋਂ ਖ਼ਲੀਫ਼ਾ ਹੋਣਾ ਚਾਹੀਦਾ ਹੈ । ਹਾਂ ਜੇਕਰ ਆਪ ਲੋਕ ਕਿਸੇ ਪ੍ਰਕਾਰ ਨਹੀਂ ਮੰਨਦੇ ਅਤੇ ਆਪ ਨੂੰ ਇਸ'ਤੇ ਬਹੁਤ ਆਪੱਤੀ ਹੈ ਤਾਂ ਫਿਰ ਇਹੋ ਹੈ ਕਿ ਇਕ ਅਮੀਰ ਆਪ ਵਿੱਚੋਂ ਹੋ ਜਾਏ ਅਤੇ ਇਕ ਸਾਡੇ ਵਿੱਚੋਂ । ਹਜ਼ਰਤ ਉਮਰ ਨੇ ਫ਼ਰਮਾਇਆ ਕਿ ਸੋਚ ਸਮਝਕੇ ਗੱਲ ਕਰੋ ਤੁਹਾਨੂੰ ਪਤਾ ਨਹੀਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ ਇਕ ਸਮੇਂ ਵਿੱਚ ਦੋ ਅਮੀਰਾਂ (ਸਰਦਾਰਾਂ) ਦਾ ਹੋਣਾ ਉਚਿਤ ਨਹੀਂ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਕੁਝ ਵਿਚਾਰ ਵਟਾਂਦਰੇ ਮਗਰੋਂ ਹਜ਼ਰਤ ਅਬੂ ਉਬੈਦਾਹ ਖੜੇ ਹੋਏ ਅਤੇ ਉਹਨਾ ਨੇ ਅੰਸਾਰ ਨੂੰ ਧਿਆਨ ਦੁਆਇਆ ਕਿ ਤੁਸੀਂ ਪਹਿਲੀ ਕੌਮ ਹੋ ਜੋ ਮੱਕੇ ਦੇ ਬਾਹਰ ਇਮਾਨ ਲਿਆਈ ਹੁਣ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਵਫ਼ਾਤ ਦੇ ਬਾਦ ਤੁਸੀਂ ਪਹਿਲੀ ਕੌਮ ਨ ਬਣੋ ਜਿੰਨ੍ਹਾ ਨੇ ਦੀਨ ਦੇ ਮੰਤਵ ਨੂੰ ਬਦਲ ਦਿਤੱਾ ਅਤੇ ਕਹਿੰਦੇ ਹਨ ਕਿ ਇਸ ਦਾ ਪੈਰੋਕਾਰਾਂ ਉਪੱਰ ਅਜਿਹਾ ਅਸਰ ਹੋਇਆ ਕਿ ਬਸ਼ੀਰ ਬਿਨ ਖ਼ਜ਼ਰਜੀ ਖੜੇ ਹੋਏ ਅਤੇ ਉਹਨਾ ਨੇ ਆਪਣੀ ਕੌਮ ਨੂੰ ਕਿਹਾ, ਇਹ ਲੋਕ ਸੱਚ ਕਹਿੰਦੇ ਹਨ, ਅਸੀਂ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਜੋ ਸੇਵਾ ਕੀਤੀ ਅਤੇ ਆਪ ਦੀ ਸਹਾਇਤਾ ਤੇ ਪੱਖ ਪੂਰਿਆ ਉਹ ਸੰਸਾਰਕ ਉਦੇਸ਼ਿਆਂ ਲਈ ਨਹੀਂ ਸੀ ਅਤੇ ਨ ਇਸ ਲਈ ਸੀ ਕਿ ਸਾਨੂੰ ਆਪ ਦੇ ਬਾਦ ਹੁਕੂਮਤ ਮਿਲੇ ਸਗੋਂ ਅਸੀਂ ਰੱਬ ਖ਼ਾਤਰ ਕੀਤੀ ਸੀ । ਇਸ'ਤੇ ਕੁਝ ਦੇਰ ਤੱਕ ਹੋਰ ਵਿਚਾਰ ਵਟਾਂਦਰਾ ਹੁੰਦਾ ਰਿਹਾ ਪਰ ਅਖ਼ੀਰ ਅੱਧੇ ਪੌਣੇ ਘੰਟੇ ਬਾਦ ਲੋਕਾਂ ਦੀ ਰਾਏ ਇਸ ਪਾਸੇ ਹੁੰਦੀ ਗਈ ਕਿ ਮੁਹਾਜਰਾਂ ਵਿੱਚੋਂ ਕਿਸੇ ਨੂੰ ਖ਼ਲੀਫ਼ਾ ਨਿਯੁਕਤ ਕਰਨਾ ਚਾਹੀਦਾ ਹੈ, ਸੋ ਹਜ਼ਰਤ ਅਬੂਬਕਰ ਨੇ ਹਜ਼ਰਤ ਉਮਰ ਅਤੇ ਹਜ਼ਰਤ ਉਬੈਦਾਹ ਨੂੰ ਇਸ ਮਰਤਬੇ ਲਈ ਪੇਸ਼ ਕੀਤਾ । ਪਰ ਦੋਹਾਂ ਨੇ ਇਨਕਾਰ ਕੀਤਾ ਅਤੇ ਕਿਹਾ ਜਿਸ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੀ ਬਿਮਾਰੀ ਦੇ ਦਿਨਾਂ ਵਿੱਚ ਨਮਾਜ਼ਾਂ ਦਾ ਇਮਾਮ ਬਣਾਇਆ ਸੀ ਅਤੇ ਜੋ ਸਾਰਿਆਂ ਮੁਹਾਜਰਾਂ ਵਿੱਚੋਂ ਚੰਗਾ ਹੈ ਅਸੀਂ ਤਾਂ ਉਸਦੀ ਬੈਅਤ ਕਰਾਂਗੇ ।

ਸੋ, ਇਸ'ਤੇ ਹਜ਼ਰਤ ਅਬੂਬਕਰ ਦੀ ਬੈਅਤ ਸ਼ੁਰੂ ਹੋ ਗਈ ਪਹਿਲਾਂ ਹਜ਼ਰਤ ਉਮਰ ਨੇ ਬੈਅਤ ਕੀਤੀ ਫਿਰ ਹਜ਼ਰਤ ਉਬੈਦਾਹ ਨੇ ਬੈਅਤ ਕੀਤੀ ਫਿਰ ਬਸ਼ੀਰ ਬਿਨ ਸਅਦ ਖ਼ਜ਼ਰਜੀ ਨੇ ਬੈਅਤ ਕੀਤੀ ਅਤੇ ਫਿਰ ਓਸ ਫਿਰ ਖ਼ਜ਼ਰਜ ਦੇ ਹੋਰਨਾ ਲੋਕਾਂ ਨੇ । ਥੋੜੀ ਹੀ ਦੇਰ ਵਿੱਚ ਸਅਦ ਤੇ ਹਜ਼ਰਤ ਅਲੀ ਤੋਂ ਬਿਨਾ ਸਾਰਿਆਂ ਨੇ ਬੈਅਤ ਕਰ ਲਈ । ਹਜ਼ਰਤ ਅਲੀ ਨੇ ਕੁਝ ਦਿਨਾਂ ਬਾਦ ਬੈਅਤ ਕੀਤੀ । ਕਈ ਰਿਵਾਇਤਾਂ ਵਿੱਚ ਤਿੰਨ ਦਿਨ ਆਉਂਦੇ ਹਨ ਅਤੇ ਕਈ ਰਿਵਾਇਤਾਂ ਵਿੱਚ ਛੇ ਮਹੀਨਿਆਂ ਦਾ ਵਰਨਣ ਮਿਲਦਾ ਹੈ । ਛੇ ਮਹੀਨੇ ਵਾਲੀ ਰਿਵਾਇਤ ਵਿੱਚ ਇਹ ਵੀ ਬਿਆਨ ਹੋਇਆ ਹੈ ਕਿ ਹਜ਼ਰਤ ਫ਼ਤਮਾ ਦੀ ਤਿਮਾਰਦਾਰੀ ਵਿੱਚ ਵਿਅਸਥ ਹੋਣ ਕਰਕੇ ਆਪ ਹਜ਼ਰਤ ਅਬੂਬਕਰ ਦੀ

ਬੈਅਤ ਨਹੀਂ ਕਰ ਸਕੇ ਅਤੇ ਜੱਦ ਆਪ ਬੈਅਤ ਕਰਨ ਲਈ ਆਏ ਤਾਂ ਆਪ ਨੇ ਇਹ ਖਿਮਾ ਯਾਚਨਾ ਵੀ ਕੀਤੀ ਕਿ ਕਿਉਂਕਿ ਫ਼ਾਤਮਾ ਬਿਮਾਰ ਸਨ ਇਸ ਲਈ ਬੈਅਤ ਕਰਨ ਵਿੱਚ ਮੈਂਨੂੰ ਦੇਰੀ ਹੋ ਗਈ ।

ਹਜ਼ਰਤ ਉਰਵਹ ਬਿਨ ਜ਼ੁਬੈਰ ਬਿਆਨ ਕਰਦੇ ਹਨ ਕਿ ਜਿਸ ਸਮੇਂ ਰੱਬ ਨੇ ਰਸੂਲੁਲੱਾਹ ਸਲਲੱਾਹੁ ਸਲਲੱਾਹੁ ਅਲੈਹਿ ਵਸਲੱਮ ਨੂੰ ਵਫ਼ਾਤ ਦਿੱਤੀ ਤਾਂ ਲੋਕ ਆਪ ਸਲਲੱਾਹੁ ਅਲੈਹਿ ਵਸਲੱਮ ਲਈ ਰੋਏ ਅਤੇ ਉਹਨਾ ਨੇ ਕਿਹਾ ਕਿ ਰੱਬ ਦੀ ਸਹੁੰ ਅਸੀਂ ਇਹ ਚਾਹੁੰਦੇ ਸੀ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਤੋਂ ਪਹਿਲਾਂ ਮਰ ਜਾਂਦੇ । ਸਾਨੂੰ ਸੰਭਾਵਨਾ ਸੀ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਫ਼ਿਤਨੇ ਨ ਪੈ ਜਾਣ । ਇਸ’ਤੇ ਹਜ਼ਰਤ ਮਅਨ ਨੇ ਕਿਹਾ ਰੱਬ ਦੀ ਸਹੁੰ, ਇਹ ਮੈਂ ਨਹੀਂ ਚਾਹੁੰਦਾ ਸੀ ਕਿ ਮੈਂ ਆਪ ਸਲਲੱਾਹੁ ਅਲੈਹਿ ਵਸਲੱਮ ਤੋਂ ਪਹਿਲਾਂ ਮਰ ਜਾਂਦਾ । ਕਿਉਂ ? ਇਸ ਲਈ ਕਿ ਜੱਦ ਤੱਕ ਮੈਂ ਆਪ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਦੇ ਬਾਦ ਵੀ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਉਸੇ ਪ੍ਰਕਾਰ ਤਸਦੀਕ ਨ ਕਰ ਲਵਾਂ ਜਿਵੇਂ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਵਿੱਚ ਮੈਂ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਤਸਦੀਕ ਕੀਤੀ ਸੀ । ਉਸੇ ਪ੍ਰਕਾਰ ਇਸ ਗੱਲ ਦੀ ਤਸਦੀਕ ਨ ਕਰ ਲਵਾਂ ਕਿ ਖ਼ਿਲਾਫ਼ਤੇ ਰਾਸ਼ਦਾ ਦਾ ਉਹ ਨਿਜ਼ਾਮ (ਵਿਵਸਥਾ) ਜਿਸ ਦੀ ਭਵਿੱਖਬਾਣੀ ਆਪ ਨੇ ਕੀਤੀ ਸੀ ਉਹ ਅਰੰਭ ਹੋ ਚੁਕਾ ਹੋਵੇ ਅਤੇ ਉਸੇ ਨੂੰ ਜਾਰੀ ਰਖੱਣਾ ਹੈ ਅਤੇ ਮੁਨਾਫ਼ਕਾਂ ਤੇ ਮੁਰਤਦਾਂ (ਧਰਮ ਤੋਂ ਫਿਰੇ ਹੋਇਆਂ) ਦੇ ਜਾਲ ਵਿੱਚ ਨਹੀਂ ਆਉਂਣਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹੋ ਇਮਾਨ ਦਾ ਮਿਆਰ ਹੈ ਜਿਸਨੂੰ ਹਰ ਅਹਮਦੀ ਨੂੰ ਵੀ ਆਪਣੇ ਅੰਦਰ ਸਿਥਿਰ ਰਖੱਣਾ ਚਾਹੀਦਾ ਹੈ । ਇਕ ਰਿਵਾਇਤ ਅਨੁਸਾਰ ਹਜ਼ਰਤ ਮਅਨ ਹਜ਼ਰਤ ਖ਼ਾਲਿਦ ਬਿਨ ਵਲੀਦ ਦੇ ਨਾਲ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਮੁਰਤਦ ਹੋਇਆਂ ਤੇ ਬਾਗ਼ੀਆਂ ਨੂੰ ਕੁਚਲਣ ਵਿੱਚ ਸ਼ਾਮਲ ਸਨ ਅਤੇ ਹਜ਼ਰਤ ਖ਼ਾਲਿਦ ਬਿਨ ਨੇ ਦੋ ਸੌ ਘੁੜਸਵਾਰਾਂ ਨਾਲ ਹਜਰਤ ਮਅਨ ਨੂੰ ਯਮਾਮਾ ਵੱਲ ਇਕ ਜੁਆਨ ਦਸਤੇ ਦੇ ਰੂਪ ਵਿੱਚ ਭੇਜਿਆ ਗਿਆ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਮਅਨ ਦਾ ਹਜ਼ਰਤ ਜ਼ੈਦ ਬਿਨ ਖ਼ਤਾਬ ਨਾਲ ਭਾਈਬੰਦੀ ਕਰਾਈ ਸੀ । ਇਹਨਾ ਦੋਹਾਂ ਸਾਹਾਬਾ ਨੇ ਹਜ਼ਰਤ ਅਬੂਬਕਰ ਸਿੱਦੀਕ ਦੇ ਖ਼ਿਲਾਫ਼ਤ ਕਾਲ ਵਿੱਚ ਜੰਗੇ ਯਮਾਮਾ ਵਿੱਚ 12 ਹਿਜਰੀ ਵਿੱਚ ਸ਼ਹੀਦੀ ਪ੍ਰਾਪਤ ਕੀਤੀ ਸੀ ।

ਅਲੱਾਹ ਤਆਲਾ ਹਰ ਅਹਮਦੀ ਨੂੰ ਵੀ ਨਬੁਵੱਤ ਦੇ ਮੁਕਾਮ (ਅਸਥਾਨ) ਨੂੰ ਪਛਾਨਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਖ਼ਿਲਾਫ਼ਤ ਨਾਲ ਵਫ਼ਾਦਾਰੀ ਅਤੇ ਨੇਕਨੀਤੀ ਦੇ ਸੰਬੰਧ ਪੈਦਾ ਕਰਨ ਦੀ ਵੀ ਤੌਫ਼ੀਕ ਪ੍ਰਦਾਨ ਕਰੇ ।

★★★★ ਖ਼ੁਤਬਾ ਸਾਨੀਆ ★★★★


**Khulasa Khutba Jumma 23.08.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131